Tender Heart High School, Class-IV (Punjabi)

Chapter- 16 Gurpreet Kaur

ਪਿਆਰੇ ਵਿਦਿਆਰਥੀਓ, (1)

ਸਾਰਿਆਂ ਨੂੰ ਪਿਆਰ ਭਰੀ ਸਤਿ ਸ੍ਰੀ ਅਕਾਲ। ਮੈਂ, ਗੁਰਪ੍ਰੀਤ ਕੌਰ ਅੱਜ ਤੁਹਾਨੂੰ ਚੌਥੀ ਜਮਾਤ ਦੇ ਪੰਜਾਬੀ ਵਿਸ਼ੇ ਨਾਲ ਸੰਬੰਧਿਤ ਪਾਠ-16 ਟਿੱਪੀ ਲਗਾਖਰ ਅਤੇ ਉਸਦੇ ਅਭਿਆਸ ਬਾਰੇ ਜਾਣਕਾਰੀ ਦੇਵਾਂਗੀ। ਜੇ, ਸਾਰੇ ਵਿਦਿਆਰਥੀ ਆਪਣੀਆਂ ਪੰਜਾਬੀ ਦੀਆਂ ਕਿਤਾਬਾਂ ਅਤੇ ਕਾਪੀਆਂ ਲੈਕੇ ਤਿਆਰ ਹਨ ਤਾਂ ਆਓ, ਪੜ੍ਹਨਾ ਸ਼ੁਰੂ ਕਰੀਏ।

## ਲਗਾਖਰ

### 16 ਟਿੱਪੀ ( ੰ )



ਅ+ ੰ +ਬ = ਅੰਬ



ਪ+ਤ+ ੰ +ਗ = ਪਤੰਗ




ਝ+ ੰ +ਡਾ = ਝੰਡਾ



ਮ+ ੰ +ਦ+ਰ = ਮੰਦਰ



ਸ+ ੰ +ਤ = ਸੰਤ



ਸ਼+ਤ+ਰ+ ੰ +ਜ = ਸ਼ਤਰੰਜ

## ਪੜ੍ਹੋ, ਬੋਲੋ ਤੇ ਲਿਖੋ-

2

| | | | | |
|---|---|---|---|---|
| ਸਿੰਘ | ਦੰਦ | ਖੰਡ | ਹਿੰਗ | ਭਿੰਡੀ |
| ਪਿੰਡ | ਗੂੰਦ | ਸੰਗ | ਸੰਘ | ਸਿੰਗ |
| ਮੰਗਲ | ਮਲੰਗ | ਅੰਦਰ | ਜੰਗਲ | ਸੁੰਦਰ |
| ਸਮੁੰਦਰ | ਜਲੰਧਰ | ਗੁਰਅੰਸ਼ | ਪੰਜਾਬਣ | ਰੰਗੀਲਾ |

## ਅੰਬ

ਅੰਬ ਗਰਮੀ ਦਾ ਫਲ਼ ਹੈ।
ਅੰਬ ਨੂੰ ਸਭ ਬਹੁਤ ਪਸੰਦ ਕਰਦੇ ਹਨ।
ਅੰਬ ਕਈ ਪ੍ਰਕਾਰ ਦੇ ਹੁੰਦੇ ਹਨ-ਦੁਸਹਿਰੀ,
ਲੰਗੜਾ, ਸੰਧੂਰੀ, ਚੋਸਾ ਆਦਿ।
ਅੰਬ ਨਾਲ ਅੰਬ ਪੰਨਾ ਵੀ ਬਣਦਾ ਹੈ।
ਅੰਬ ਪੰਨਾ ਗਰਮੀ ਵਿੱਚ ਠੰਢਕ ਦਿੰਦਾ ਹੈ।
ਪੰਜਾਬੀ ਲੋਕ ਅੰਬ ਬਹੁਤ ਪਸੰਦ ਕਰਦੇ ਹਨ।
ਇਹ ਸਭ ਦਾ ਮਨਪਸੰਦ ਫਲ਼ ਹੈ।

